## ਅੱਜ ਫਿਰ ਉਸੇ ਸਰਕਾਰ ਨੇ 1978 ਵਾਲਾ ਇਤਿਹਾਸ ਦੁਹਰਾਇਆ,ਆਰ.ਐਸ.ਐਸ.ਨੂੰ ਖੁਸ਼ ਕਰਨ ਲਈ ਆਸੂਤੋਸ਼ ਭਈਏ ਨੇ ਸਿੱਖਾਂ ਦੇ ਖੂਨ ਦਾ ਪਿਆਲ਼ਾ ਭੇਟ ਕੀਤਾ।ਪ੍ਰੈਸ ਨੋਟ ਪ੍ਰੋ. ਦਰਸ਼ਨ ਸਿੰਘ NEW

8Dec 2009 jk



ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਆਸ਼ੂਤੋਸ਼ ਦੇ ਸਬੰਧ ਵਿਚ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਸਾਬਕਾ ਜਥੇਦਾਰ ਪ੍ਰੋ: ਦਰਸ਼ਨ ਸਿੰਘ ਦਿਖਾਈ ਦੇ ਰਹੇ ਹਨ। (ਖ਼ਬਰ ਸਫ਼ਾ 7 ਤੇ)

ਇਹ "ਜਿਨ ਮਨ ਹੋਰ ਮੁਖ ਹੋਰ" ਵਾਲੀ ਕੈਸੀ ਦੋਮੂੰਹੀ ਚਾਲ, ਕਦੇ 1978 ਦੀ ਵਿਸਾਖੀ ਤੇ ਗੁਰੂ ਦੇ ਸਿਧਾਂਤ ਵਿਚੋਂ ਜਨਮ ਲੈਣ ਵਾਲੇ ਖਾਲਸੇ ਦੇ ਜਨਮ ਦਿਹਾੜੇ ਤੇ ਗੁਰੂ ਸਿਧਾਂਤ ਦਾ ਮਲੀਆ ਮੇਟ ਕਰਨ ਵਾਲੇ ਨਰਕਧਾਰੀਆਂ ਨੂੰ ਸਿੱਖੀ ਦੇ ਕੇਂਦਰ ਅੰਮ੍ਰਿਤਸਰ ਵਿੱਚ ਹੀ ਜਸ਼ਨ ਮਨਾਉਂਦਿਆਂ ਖਾਲਸੇ ਦੇ ਖੂਨ ਪੀਣ ਦੀ ਇਜਾਜ਼ਤ ਦਿੱਤੀ ਗਈ ਸੀ। ਅੱਜ ਫਿਰ ਉਸੇ ਹੀ ਸਰਕਾਰ ਵੇਲੇ ਉਸੇ ਹੀ ਇਤਹਾਸ ਨੂੰ ਦੋਹਰਾਇਆ ਗਿਆ ਹੈ। ਅਸੂਤੋਸ ਵਰਗੇ ਪਾਖੰਡੀ ਅਤੇ ਸਮਾਜ ਘਾਤਕ ਸਾਧ ਨੂੰ ਕਈ ਵਰ੍ਹਿਆਂ ਤੋਂ ਪੰਜਾਬ ਦੀ ਧਰਤੀ ਤੇ ਸਮਾਜਕ ਆਚਰਣ ਘਾਤਕ ਕੇਂਦਰ ਬਣਾ ਕੇ ਸਿੱਖੀ ਦੀ ਅਣਖ ਨੂੰ ਵੰਗਾਰਣ ਦਾ ਹੱਕ ਦਿੱਤਾ ਹੋਇਆ ਹੈ, ਜਿਥੇ ਸੈਂਕੜੇ ਨੌਜਵਾਨ ਕੁੜੀਆਂ ਗੁਮਰਾਹ ਕਰਕੇ ਆਪਣੇ ਪਾਸ ਰੱਖਦਾ ਹੈ। ਇਸ ਗੱਲ ਦਾ ਤਾਂ ਪਤਾ ਲੱਗਾ ਜਦੋਂ ਕੁਝ ਵਰ੍ਹੇ ਪਹਿਲਾਂ ਇਕ ਬੀਬੀ ਸੁਰਜੀਤ ਕੌਰ ਆਪਣੀ ਗੁਮਰਾਹ ਹੋਈ ਅੰਮ੍ਰਿਤਧਾਰੀ ਬੱਚੀ ਪ੍ਰਭਜੋਤ ਕੌਰ ਦੇ ਕੇਸ ਦੀ ਫਾਈਲ ਲੈ ਕੇ ਰੋਂਦੀ ਮੇਰੇ ਕੋਲ ਆਈ ਅਤੇ ਦੱਸਿਆ ਕਿ ਕਿਸ ਤਰ੍ਹਾਂ ਮੇਰੀ ਨੌਜਵਾਨ ਬੱਚੀ ਨੂੰ ਪ੍ਰਸ਼ਾਦ ਵਿਚ ਨਸ਼ੇ ਦੇ ਕੇ ਗ਼ਲਤ ਰਾਹ ਪਾਇਆ, ਪ੍ਰਭਜੋਤ ਕੌਰ ਤੋਂ ਬਦਲ ਕੇ ਉਸ ਦਾ ਨਾਮ ਨਵੀਨ ਭਾਰਤੀ ਰਖਿਆ ਅਤੇ ਅੱਜ ਉਹ ਸਾਡੇ ਤੋਂ ਬਦਜ਼ਨ ਹੋ ਕੇ ਅਸੂਤੋਸ਼ ਕੋਲ ਰਹਿ ਰਹੀ ਹੈ ਅਤੇ ਉਸ ਦੁਖੀ ਮਾਂ ਨੇ ਰੋਂਦਿਆਂ ਗੁਮਰਾਹ ਹੋਈ ਬੱਚੀ ਦੀ ਇਕ ਚਿੱਠੀ ਮੇਰੇ ਸਾਹਮਣੇ ਰਖੀ ਜਿਸਨੂੰ ਪੜ੍ਹ ਕੇ ਮੇਰੇ ਲੂੰ ਕੰਡੇ ਖੜੇ ਹੋ ਗਏ। ਉਹ ਕੁੜੀ ਆਪਣੇ ਮਾਂ-ਪਿਉ ਨੂੰ ਲਿਖ ਰਹੀ ਸੀ ਕਿ ਇਥੇ ਮੇਰੇ ਵਰਗੀਆਂ ਤਿਨ ਸੌ ਕੁੜੀਆਂ ਰਹਿ ਰਹੀਆਂ ਹਨ, ਉਹਨਾਂ ਦੇ ਮਾਂ-ਪਿਉ ਉਹਨਾਂ ਨੂੰ ਇਤਨਾ ਤੰਗ ਨਹੀ ਕਰਦੇ, ਜਿਤਨਾ ਤੁਸੀ ਮੇਰੇ ਪਿੱਛੇ ਪਏ ਹੋਏ ਹੋ। ਮੈ ਹੁਣ ਬਾਲਗ ਹਾਂ, ਆਪਣੀ ਮਰਜ਼ੀ ਨਾਲ ਜੀਵਣਾ ਚਾਹੁੰਦੀ ਹਾਂ, ਮੇਰਾ ਪਿਛਾ ਛੱਡੋ। ਇਕ ਮਾਂ ਸ੍ਰੀ ਅਕਾਲ ਤਖਤ ਤੋਂ ਲੈਕੇ ਰਾਸ਼ਟਰਪਤੀ ਤਕ ਫਰਿਯਾਦੀ ਹੋਣ ਦੀ ਕਹਾਣੀ ਸੁਣਾਉਂਦੀ ਨਿਰਾਸ਼ ਹੋ ਕੇ ਰੋ ਰਹੀ ਸੀ।

ਜਿਹਨਾਂ ਸਿੰਘਾਂ ਨੇ ਲੋਕਾਂ ਦੀਆਂ ਬੱਚੀਆਂ ਜਰਵਾਣਿਆਂ ਕੋਲੋਂ ਛੁਡਾ ਕੇ ਘਰ ਪਹੁਚਾਉਣ ਦਾ ਇਤਹਾਸ ਸਿਰਜਿਆ ਸੀ, ਅੱਜ ਉਹਨਾਂ ਦੀਆਂ ਬੇਟੀਆਂ ਪੰਜਾਬ ਦੀ ਧਰਤੀ ਤੇ ਕੋਈ ਬੇਇੱਜ਼ਤ ਕਰੇ, ਇਹ ਅਣਖ ਵਾਲੀ ਕੌਮ ਕਿਵੇਂ ਬਰਦਾਸ਼ਤ ਕਰ ਸਕਦੀ ਹੈ।

ਤਿੰਨ ਚਾਰ ਸਾਲ ਪਹਿਲੇ ਵੇਦਾਂਤੀ ਜੀ ਨੇ ਸਾਡੇ ਲੋਕਾਂ ਵੱਲੋਂ ਜ਼ੋਰ ਪਾਉਣ ਨਾਲ ਇਸ ਵਿਸ਼ੇ ਤੇ ਅੰਮ੍ਰਿਤਸਰ ਇਕ ਮੀਟਿੰਗ ਰਖੀ ਸੀ ਅਤੇ ਮੈਨੂੰ ਭੀ ਬੁਲਾਇਆ ਸੀ। ਉਸ ਮੀਟਿੰਗ ਦੀ ਫੋਟੋ ਨਾਲ ਦੇ ਰਿਹਾ ਹਾਂ। ਇਸ ਮੀਟਿੰਗ ਵਿਚ ਇਹ ਸਾਰਾ ਕੇਸ ਲੈਕੇ ਪੁਜਿਆ ਸਾਂ ਕਿ ਇਸ ਅਧੋਗਤੀ ਨੂੰ ਨੱਥ ਪਾਈ ਜਾਵੇ ਪਰ ਹਰ ਕੌਮੀ ਵਿਸ਼ੇ ਤੇ ਕੇਵਲ ਕਮੇਟੀਆਂ ਬਣਾ ਕੇ ਸਮਾਂ ਟਪਾਣ ਦੀ ਨੀਤੀ ਹੀ ਇਥੇ ਵਰਤੀ ਗਈ। ਜੇ ਵਕਤ ਨਾਲ ਨੱਥ ਪਾਈ ਹੁੰਦੀ ਤਾਂ ਅੱਜ ਵਰਗੇ ਅਸਹਿ ਦੁਖਾਂਤ ਨਾਂ ਵਾਪਰਦੇ ਪਰ ਵਕਤ ਦੀ ਸਿਆਹ ਸਿਆਸਤ ਨੂੰ ਸਿੱਖੀ ਸੋਚ ਸਰੂਪ ਤੇ ਸਿਧਾਂਤ ਨਾਲ ਕੋਈ ਹਮਦਰਦੀ ਨਹੀਂ। ਉਹ ਤਾਂ ਇਸ ਸਭ ਕੁਝ ਦਾ ਆਰ. ਐਸ. ਐਸ. ਨਾਲ ਸੌਦਾ ਕਰੀ ਬੈਠੇ ਹਨ ਤੇ ਉਸ ਸੌਦੇ ਅਧੀਨ ਹੀ ਅੱਜ ਫਿਰ ਅਸੂਤੋਸ਼ ਨੂੰ ਪੰਜਾਬ ਦੇ ਸੈਂਟਰ ਵਿਚ ਸਮਾਗਮ ਕਰਨ ਦੀ ਇਜਾਜ਼ਤ ਦਿਤੀ ਗਈ ਅਤੇ ਆਰ. ਐਸ. ਐਸ. ਨੂੰ ਖੁਸ਼ ਕਰਨ ਲਈ ਸਿੱਖਾਂ ਦੇ ਖੂਨ ਦਾ ਪਿਆਲਾ ਭਰ ਕੇ ਪੇਸ਼ ਕੀਤਾ ਗਿਆ।

ਸਿੰਘੋ ! ਇਕ ਸਾਜਸ਼ ਹੋਰ ਪਛਾਣਿਉ, ਚਿੱਕੜ ਨਾਲ ਚਿੱਕੜ ਧੋਣ ਦੀ ਸਾਜਸ਼ ਇਕ ਪਾਸੇ, ਗੁਰੂ ਡੰਮੀ ਅਤੇ ਗੁਰੂ ਧ੍ਰੋਹੀ ਅਸੂਤੋਸ਼ ਨੂੰ ਸਮਾਗਮ ਦੀ ਇਜਾਜ਼ਤ ਦਿੱਤੀ ਅਤੇ ਦੂਜੇ ਪਾਸੇ ਸਿਆਸੀ ਸ਼ਕਤੀ ਦੇ ਹਥ ਠੇਕਾ ਗੁਰੂ ਡੰਮੀ ਅਤੇ ਗੁਰੂ ਧ੍ਰੋਹੀ ਸਾਧ ਟੋਲੇ ਨੂੰ ਰੋਕਣ ਦੇ ਬਹਾਨੇ ਖੜਾ ਕਰ ਲਿਆ ਤਾਂ ਕਿ ਇਸ ਘਲੂਘਾਰੇ ਵਿੱਚ ਦੋਹਾਂ ਵਿੱਚੋਂ ਕੋਈ ਚਮਕੇ, ਉਹ ਸਿੱਖੀ ਸਿਧਾਂਤ ਦਾ ਮਲੀਆ ਮੇਟ ਕਰਨ ਵਾਲਾ ਹੀ ਹੋਵੇ। ਇਹ ਹੈ ਇਕ ਦੋ ਮੂੰਹੀਂ ਚਾਲ ਜਿਸ ਤੋਂ ਕੌਮ ਨੂੰ ਸਚੇਤ ਰਹਿ ਕੇ ਇਸ ਜ਼ੁਲਮ ਨਾਲ ਟੱਕਰ ਲੈਣ ਦੀ ਲੋੜ ਹੈ।

ਗੁਰੂ ਪੰਥ ਦਾ ਦਾਸ,
ਦਰਸ਼ਨ ਸਿੰਘ ਖਾਲਸਾ
ਸਾਬਕਾ ਸੇਵਾਦਾਰ ਸ੍ਰੀ ਅਕਾਲ ਤਖਤ ਸਾਹਿਬ

New Delhi, 8 Dec. (by Jagtar Singh)

Former chief volunteer at the Akal Takhat, Prof. Darshan Singh Khalsa, in a special chat with the Spokesman, said what a two-faced case of one thing in your mind, and something else on your face. At one time, in Basakhi 1978, permission had been given to the doctrine-destroying Narakdharis to drink the Khalsa's blood by holding a celebration in the center of Sikhi, Amritsar, on the birthday of the Khalsa.

He said that today, again, the government has repeated the history of that time. Charlatans and anti-social mendicants like Ashutosh have been given the right to make social character killing centers in the land of Punjab and challenge the honour of Sikhi for many years where he keeps hundreds of misled young girls.

He said that this was found out some years ago when one Bibi Surjit Kaur came crying to me in the matter of her lost amritdhari daughter Prabhjot Kaur and told me how her young daughter was misled by being given drugged parshad. She changed her name from Prabhjot Kaur to Naveen Bharti and turned away from us and is living with Ashutosh.

That pained mother, crying, put a letter from her misled daughter in front of me, reading which my hair stood up.

Prof. Darshan Singh Khalsa said that that girl wrote to her parents that 300 girls like me are living here. Their parents don't bother them so much as they do. I'm a major now, I want live like I desire, stop following me. One mother was telling me the tale of being a beggar from the Akal Takhat to the President, and becoming hopeless.

Prof. Darshan Singh said the Singhs who had created history by releasing other people's daughters from the hands of tyrants and sent them to their homes, how can the honourable Sikh nation tolerate that today somebody dishonour their daughters.

He said 3-4 years ago Joginder Singh Vedanti had held a meeting in Amritsar due to pressure from folks like us, and I was invited too. In the meeting, I had brought the entire case, that this bad situation be stopped, but on each panthic matter, the policy of biding time by making committees was adopted. If it had been stopped then, we wouldn't have to bear such unbearable tragedies as today's. But the black politics of the time do not take pity of the Sikh form or doctrine. They have done deals on everything with the RSS, and according to that deal Ashutosh was given permission to do a smagam in the center of Punjab and to please the RSS, a bowl of the Sikhs' blood was presented.

Prof. Darshan Singh said, "Recognise one more conspiracy, of cleaning mud with mud: One one hand the anti-Guru Guru-usurper Ashutosh Sadh was given permission for a samagam, and on the other hand, puppets of political power and anti-Guru Guru-usurpers of the Sadhus' gang was made to stand up to stop it so that in the battle whether one or the other would glisten, it would be one to destroy the Sikh doctrines. It is a two-faced move from which the Panth has to beware and has to face this terror."